This question paper contains 4 printed pages]

*Your Roll No.* ....................................

**5860**

**B.A. (PROGRAMME)/II/III** **E**

PUNJABI LANGUAGE (A)—Paper II

(Advanced Punjabi)

(Admissions of 2004/2006 and after in respect

of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਸਾਰੇ ਪ੍ਰਸ਼ਨ ਲਾਜ਼ਮੀ ਹਨ।**

1. ਹੇਠ ਲਿਖੇ ਪਾਠ ਨੂੰ ਪੜ੍ਹ ਕੇ ਉਸ ਦੇ ਕੇਂਦਰੀ ਨੁਕਤੇ ਨੂੰ ਆਪਣੇ ਸ਼ਬਦਾਂ ਵਿਚ ਲਿਖੋ: 10

ਪੰਜਾਬੀਆਂ ਨੇ ਆਪਣੇ ਉੱਪਰ ਹੁੰਦੇ ਹਮਲਿਆਂ ਨੂੰ ਬਹਾਦਰੀ ਨਾਲ ਝੱਲਿਆ ਅਤੇ ਆਪਣੇ ਗੁਣਾਂ ਨਾਲ ਦੂਜਿਆਂ ਨੂੰ ਵੀ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਦੀ ਸਥਿਤੀ ਨੇ ਪੰਜਾਬੀਆਂ ਨੂੰ

ਬਹਾਦਰੀ ਦਾ ਦਰਜਾ ਦਿੱਤਾ। ਬਹਾਦਰੀ ਦਾ ਗੁਣ ਤਾਂ ਬਹੁਤ ਸਾਰੀਆਂ ਸਭਿਅਤਾਵਾਂ ਨਾਲ ਜੁੜਿਆ ਹੋਇਆ ਹੈ ਪਰ ਬਹਾਦਰੀ ਸਿਰਫ ਜੰਗਾਂ ਜਿੱਤਣ ਲਈ ਤੇਗ਼ਾਂ ਵਾਹੁਣਾ ਹੀ ਨਹੀਂ ਹੈ ਸਗੋਂ ਤੱਤੀਆਂ ਤਵੀਆਂ ਉਪਰ ਬੈਠਣਾ ਅਤੇ ਬੰਦ ਬੰਦ ਕਟਵਾਉਣਾ ਵੀ ਬਹਾਦਰੀ ਹੈ। ਇਸ ਕਰਕੇ ਇਥੋਂ ਦੇ ਲੋਕ ਸਹਿਨਸ਼ੀਲ ਵੀ ਨੇ ਤੇ ਜੁਝਾਰੂ ਵੀ। ਸਦੀਆਂ ਤੋਂ ਚਲੀ ਆ ਰਹੀ ਇਸ ਸਾਂਝੀਵਾਲਤਾ ਨੇ ਪੰਜਾਬੀ ਸਭਿਆਚਾਰ ਦੀਆਂ ਅਜੋਕੀਆਂ ਨਰੋਈਆਂ ਕਦਰਾਂ-ਕੀਮਤਾਂ ਨੂੰ ਸਥਾਪਿਤ ਕੀਤਾ ਹੈ। ਜਿਸ ਵਿਚ ਸੰਤਾਂ-ਸੂਫ਼ੀਆਂ ਵਰਗੀ ਅਮਨ-ਪਸੰਦੀ ਤੇ ਰੂਹਾਨੀਅਤ ਵੀ ਹੈ ਅਤੇ ਸਿਪਾਹੀਆਂ ਵਰਗਾ ਜੁਝਾਰੂਪਣ ਵੀ।

2. ਹੇਠ ਲਿਖੇ ਵਿਸ਼ਿਆਂ ਵਿਚੋਂ **ਇੱਕ** ਵਿਸ਼ੇ ਉਪਰ 500 ਸ਼ਬਦਾਂ ਤੱਕ ਦਾ ਨਿਬੰਧ ਲਿਖੋ: 15

- ਹੰਕਾਰਿਆ ਸੋ ਮਾਰਿਆ,
- ਅਜੋਕੀ ਰਾਜਨੀਤੀ
- ਸਮੇਂ ਦੀ ਕਦਰ।

3. ਹੇਠ ਲਿਖੇ ਪੈਰ੍ਹੇ ਦਾ ਸਾਰਾਂਸ਼ ਅਤੇ ਢੁਕਵਾਂ ਸਿਰਲੇਖ ਲਿਖੋ: 10

ਸਿਧਾਂਤ-ਸਿਰਜਣਾ ਦਾ ਕੰਮ ਯੂਨਾਨੀਆਂ ਤੋਂ ਆਰੰਭ ਹੋ ਕੇ ਭਾਰਤੀਆਂ, ਚੀਨੀਆਂ, ਯਹੂਦੀਆਂ ਅਤੇ ਈਸਾਈਆਂ ਰਾਹੀਂ ਪਰੀਪੂਰਨਤਾ ਨੂੰ ਪੁੱਜਾ ਹੈ। ਯੂਨਾਨੀ ਸਿਧਾਂਤਾਂ ਵਿਚ ਮੌਲਿਕਤਾ

ਅਤੇ ਅਨੇਕਰੂਪਤਾ ਹੈ। ਇਹਨਾਂ ਵਿਚ ਪਰਲੋਕਵਾਦ ਗੌਣ ਹੈ ਅਤੇ ਸੰਸਾਰਕ ਜੀਵਨ ਪ੍ਰਧਾਨ ਹੈ। ਯਹੂਦੀ ਅਤੇ ਇਸਲਾਮੀ ਸਿਧਾਂਤਾਂ ਵਿਚ ਲਕੀਰ ਦੀ ਫਕੀਰੀ ਹੈ ਅਤੇ ਲੋਕ-ਪਰਲੋਕ ਦੀ ਅਭਿੰਨਤਾ ਹੈ। ਈਸਾਈ ਸਿਧਾਂਤਾਂ ਵਿਚ ਲੋਕ ਅਤੇ ਪਰਲੋਕ ਦੋ ਵੱਖਰੀਆਂ ਵਾਸਤਵਿਕਤਾਵਾਂ ਹਨ ਅਤੇ ਇੱਕੋ-ਜਿਹੀਆਂ ਮਹੱਤਵਪੂਰਨ ਹਨ। ਭਾਰਤੀ ਸਿਧਾਂਤਾਂ ਵਿਚਲੀ ਭਿੰਨਤਾ ਉਪਰੀ ਜਾਂ ਸਤਹੀ ਹੈ। ਇਹ ਸਾਰੇ ਆਤਮਾ, ਪਰਮਾਤਮਾ ਅਤੇ ਮੁਕਤੀ ਉੱਤੇ ਕੇਂਦਰਿਤ ਹਨ। ਇਹਨਾਂ ਵਿਚ ਦਰਸ਼ਨ ਅਤੇ ਮਨੋਵਿਗਿਆਨ ਦਾ ਮਿਸ਼ਰਣ ਹੈ ਜਦ ਕਿ ਈਸਾਈ ਸਿਧਾਂਤਾਂ ਦਾ ਮੂਲ ਅਧਾਰ ਦਰਸ਼ਨ ਹੈ। ਭਾਰਤੀ ਸਿਧਾਂਤਾਂ ਵਿਚ ਪਰਲੋਕ ਪ੍ਰਧਾਨ ਅਤੇ ਲੋਕ ਗੌਣ ਹੈ। ਪੁਰਾਤਨ ਚੀਨੀ ਸਿਧਾਂਤ ਵਿਚ ਨੈਤਿਕਤਾ ਨੂੰ ਪ੍ਰਧਾਨਤਾ ਪ੍ਰਾਪਤ ਹੈ। ਯੂਨਾਨੀ ਅਤੇ ਚੀਨੀ ਸਿਧਾਂਤਾਂ ਨੂੰ ਛੱਡ ਕੇ ਬਾਕੀ ਸਾਰੇ ਪੁਰਾਤਨ ਸਿਧਾਂਤਾਂ ਵਿਚ ਧਰਮ-ਸ਼ਾਸਤਰ ਜਾਂ ਈਸ਼ਵਰ ਮੀਮਾਂਸਾ ਨੂੰ ਸ੍ਰੇਸ਼ਟ ਮੰਨਿਆ ਜਾਂਦਾ ਰਿਹਾ ਹੈ। ਸਾਰੇ ਧਰਮ-ਸ਼ਾਸਤਰਾਂ ਦੀ ਜੜ੍ਹ ਯੂਨਾਨੀ ਦਰਸ਼ਨ ਵਿਚ ਹੈ।

4. ਕੁਦਰਤ ਦੇ ਸੁੰਦਰ ਨਜ਼ਾਰਿਆਂ ਨੂੰ ਉਜਾਗਰ ਕਰਨ ਵਾਲੀ ਕੋਈ ਕਵਿਤਾ ਲਿਖੋ। 10

**ਜਾਂ**

ਆਪਣੇ ਕਿਸੇ ਮਨ-ਭਾਉਂਦੇ ਪੰਜਾਬੀ ਨਾਵਲ ਦੀ ਕਹਾਣੀ ਲਿਖੋ।

P.T.O.

5. ਕਿਸੇ ਭੀੜ-ਭਾੜ ਵਾਲੀ ਥਾਂ ਉਤੇ ਹੋਏ ਬੰਬ-ਧਮਾਕੇ ਬਾਰੇ **ਇਕ** ਫ਼ੀਚਰ ਲਿਖੋ। 10

**ਜਾਂ**

ਆਪਣੇ ਕਾਲਜ ਦੇ ਸਾਲਾਨਾ ਸਮਾਗਮ ਉਪਰ ਫ਼ੀਚਰ ਲਿਖੋ।

6. ਹੇਠ ਲਿਖੀਆਂ ਸਤਰਾਂ ਵਿਚ ਲੋੜ ਅਨੁਸਾਰ ਵਿਸਰਾਮ-ਚਿੰਨ੍ਹ ਲਗਾਓ: 10

ਬਈ ਵਾਹ ਇਹ ਕੀ ਆਖਿਆ ਜੇ ਬਾਊਜੀ ਭੰਡਾਰੀ ਆਪ ਚਲ ਕੇ ਜਾਵੇ ਤੇ ਕੰਮ ਨਾ ਹੋਵੇ ਇਹ ਕਦੇ ਹੋ ਸਕਦੈ ਭੰਡਾਰੀ ਦਾ ਕਹਿਣਾ ਵਿਸ਼ਵਾਸ ਨਾਲ ਭਰਿਆ ਸੀ

7. ਸਧਾਰਣ-ਵਾਕ ਅਤੇ ਮਿਸ਼ਰਤ-ਵਾਕ ਦਾ ਅੰਤਰ ਸਪੱਸ਼ਟ ਕਰਦਿਆਂ **ਪੰਜ-ਪੰਜ** ਉਦਾਹਰਣਾਂ ਦਿਓ। 10

**ਜਾਂ**

ਪੰਜਾਬੀ ਵਿਆਕਰਣ ਦੇ ਬੁਨਿਆਦੀ ਤੱਤਾਂ ਨਾਲ ਜਾਣ-ਪਛਾਣ ਕਰਾਓ।